ਆਕਾਸ਼ਵਾਣੀ ਜਲੰਧਰ

ਰਾਸ਼ਟਰੀ ਖਬਰਾਂ ਪੰਜਾਬੀ

13:40

ਮਿਤੀ: 25-11-2026

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਿਹਾ ਏ ਕਿ ਸਿਹਤ ਸੰਭਾਲ ਅਤੇ ਸਿੱਖਿਆ 2047 ਤੱਕ ਵਿਕਸਤ ਭਾਰਤ ਦੀ ਪ੍ਰਾਪਤੀ ਦੇ 2 ਮਹੱਤਵਪੂਰਨ ਥੰਮ੍ਹ ਹੋਣੇ ਚਾਹੀਦੇ ਨੇ |

- ਸੁਪਰੀਮ ਕੋਰਟ ਨੇ 2020 ਦੇ ਉੱਤਰ-ਪੂਰਬੀ ਦਿੱਲੀ ਦੰਗਿਆਂ ਦੀ ਸਾਜ਼ਿਸ਼ ਸਬੰਧੀ ਮਾਮਲੇ ਵਿੱਚ ਸ਼ਰਜੀਲ ਇਮਾਮ ਅਤੇ ਉਮਰ ਖਾਲਿਦ ਨੂੰ ਅੰਤਰਿਮ ਜ਼ਮਾਨਤ ਦੇਣ ਤੋਂ ਇਨਕਾਰ ਕੀਤੈ |

- ਭਾਰਤ ਅਤੇ ਨੇਪਾਲ ਦੀਆਂ ਫੌਜਾਂ ਵਿਚਕਾਰ ਸਾਂਝੇ ਫੌਜੀ ਅਭਿਆਸ "ਸੂਰਿਆ ਕਿਰਨ" ਦਾ 20ਵਾਂ ਐਡੀਸ਼ਨ ਅੱਜ ਨੇਪਾਲ 'ਚ ਸਾਲਝੰਡੀ ਵਿਖੇ ਸ਼ੁਰੂ ਹੋ ਗਿਐ |

- ਕੇਂਦਰੀ ਤੇ ਸੂਬਾਈ ਦਵਾਈ ਪ੍ਰਯੋਗਸ਼ਾਲਾਵਾਂ ਦੀ ਪਰਖ ਵਿੱਚ ਕਈ ਦਵਾਈਆਂ ਦੇ ਨਮੂਨੇ ਤੈਅ ਮਾਪਦੰਡਾਂ ਤੋਂ ਘਟੀਆ ਪਾਏ ਗਏ ਨੇ |

- ਭੋਪਾਲ ਵਿੱਚ ਖੇਡੀ ਜਾ ਰਹੀ 'ਮਹਿਲਾ ਏਸ਼ੀਅਨ ਚੈਂਪੀਅਨਜ਼ ਟਰਾਫੀ' ਦੇ ਆਖਰੀ ਲੀਗ ਮੈਚ ਵਿੱਚ ਅੱਜ ਭਾਰਤ ਦਾ ਮੁਕਾਬਲਾ ਜਾਪਾਨ ਨਾਲ ਹੋਏਗਾ |

ਹੁਣ ਖਬਰਾਂ ਵਿਸਥਾਰ ਨਾਲ

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਹੋਮਿਓਪੈਥੀ ਦੀ ਭਰੋਸੇਯੋਗਤਾ ਨੂੰ ਵਧਾਉਣ ਲਈ ਵਿਗਿਆਨਕ ਖੋਜ, ਸਬੂਤ-ਅਧਾਰਤ ਮੁਲਾਂਕਣ ਅਤੇ ਮਰੀਜ਼ਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿਹਤ ਸੰਭਾਲ ਅਤੇ ਸਿੱਖਿਆ 2047 ਤੱਕ ਵਿਕਸਤ ਭਾਰਤ ਦੀ ਪ੍ਰਾਪਤੀ ਦੇ ਦੋ ਮਹੱਤਵਪੂਰਨ ਥੰਮ੍ਹ ਬਣੇ ਰਹਿਣੇ ਚਾਹੀਦੇ ਨੇ । ਰਾਸ਼ਟਰਪਤੀ ਨੇ ਇਹ ਗੱਲ ਓਡੀਸ਼ਾ ਦੀ ਆਪਣੇ ਦੌਰੇ ਦੇ ਆਖਰੀ ਦਿਨ ਭੁਵਨੇਸ਼ਵਰ 'ਚ ਡਾ. ਅਭਿਨੈ ਚੰਦਰ ਹੋਮਿਓਪੈਥਿਕ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਹੋਮਿਓਪੈਥੀ ਬਾਰੇ ਰਾਸ਼ਟਰੀ ਵਿਗਿਆਨਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਹੀ । ਹੋਮਿਓਪੈਥੀ ਦਾ ਭਵਿੱਖ ਵਿਗਿਆਨਕ ਇਮਾਨਦਾਰੀ, ਵਿਆਪਕ ਖੋਜ ਅਤੇ ਕਲੀਨਿਕਲ ਸਬੂਤਾਂ 'ਤੇ ਅਧਾਰਤ ਹੋਣਾ ਚਾਹੀਦਾ ਹੈ। ਰਾਸ਼ਟਰਪਤੀ ਨੇ ਵੱਖ-ਵੱਖ ਕੇਂਦਰਾਂ 'ਤੇ ਇੱਕੋ ਸਮੇਂ ਕਲੀਨਿਕਲ ਅਧਿਐਨ, ਯੋਜਨਾਬੱਧ ਖੋਜ, ਪਾਰਦਰਸ਼ੀ ਰਿਪੋਰਟਿੰਗ ਅਤੇ ਮੈਡੀਕਲ ਸੰਸਥਾਵਾਂ ਵਿਚਕਾਰ ਬਿਹਤਰ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ। ਏਆਈ, ਡਿਜੀਟਲ ਸਿਹਤ ਤਕਨਾਲੋਜੀ ਅਤੇ ਆਧੁਨਿਕ ਖੋਜ ਦੀ ਪਰਿਵਰਤਨਸ਼ੀਲ ਭੂਮਿਕਾ ਦਾ ਜ਼ਿਕਰ ਕਰਦਿਆਂ,

ਉਨ੍ਹਾਂ ਹੋਮਿਓਪੈਥੀ ਸੰਸਥਾਵਾਂ ਨੂੰ ਤਕਨੀਕੀ ਤਰੱਕੀ ਅਤੇ ਆਧੁਨਿਕ ਸਿੱਖਿਆ ਵਿਧੀਆਂ ਨੂੰ ਅਪਣਾਉਣ ਦੀ ਅਪੀਲ ਕੀਤੀ। ਰਾਸ਼ਟਰਪਤੀ ਨੇ ਜ਼ੋਰ ਦਿੱਤਾ ਕਿ ਸਿਹਤ ਸੰਭਾਲ ਵਿੱਚ ਹਮਦਰਦੀ, ਮਰੀਜ਼ਾਂ ਦੀ ਸੁਰੱਖਿਆ ਅਤੇ ਮਨੁੱਖੀ ਸਨਮਾਨ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਦਿਹਾਤੀ ਇਲਾਕਿਆਂ ਵਿੱਚ ਸਿਹਤ ਸੇਵਾਵਾਂ ਅਤੇ ਸਿੱਖਿਆ ਦੇ ਮਹੱਤਵ 'ਤੇ ਜ਼ੋਰ ਦਿੰਦਿਆਂ , ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕਾਂ ਲਈ ਇਨ੍ਹਾਂ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਸੁਪਰੀਮ ਕੋਰਟ ਨੇ 2020 ਦੇ ਉੱਤਰ-ਪੂਰਬੀ ਦਿੱਲੀ ਦੰਗਿਆਂ ਦੀ ਸਾਜ਼ਿਸ਼ ਮਾਮਲੇ ਵਿੱਚ ਸ਼ਰਜੀਲ ਇਮਾਮ ਅਤੇ ਉਮਰ ਖਾਲਿਦ ਨੂੰ ਅੰਤਰਿਮ ਜ਼ਮਾਨਤ ਦੇਣ ਤੋਂ ਇਨਕਾਰ ਕੀਤੈ । ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਅਤੇ ਵੀ. ਮੋਹਨਾ ਦੀ ਬੈਂਚ ਨੇ ਦਿੱਲੀ ਪੁਲਿਸ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਬੈਂਚ ਨੇ ਕਿਹਾ ਕਿ ਉਹ ਅੰਤਰਿਮ ਜ਼ਮਾਨਤ ਲਈ ਉਨ੍ਹਾਂ ਦੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਪਹਿਲਾਂ ਦਿੱਲੀ ਪੁਲਿਸ ਦਾ ਪੱਖ ਸੁਣੇਗਾ । ਸੁਪਰੀਮ ਕੋਰਟ ਨੇ ਇਹ ਨਿਰਦੇਸ਼ ਵੀ ਦਿੱਤਾ ਕਿ ਮਾਮਲਾ ਤਿੰਨ ਜੱਜਾਂ ਦੀ ਬੈਂਚ ਦੇ ਗਠਨ ਲਈ ਪ੍ਰਸ਼ਾਸਨਿਕ ਪੱਧਰ 'ਤੇ ਭਾਰਤ ਦੇ ਚੀਫ਼ ਜਸਟਿਸ ਦੇ ਸਾਹਮਣੇ ਰੱਖਿਆ ਜਾਵੇ। ਦੋਵਾਂ ਨੇ ਫਰਵਰੀ 2020 ਦੇ ਉੱਤਰ-ਪੂਰਬੀ ਦਿੱਲੀ ਦੰਗਿਆਂ ਪਿੱਛੇ ਕਥਿਤ ਸਾਜ਼ਿਸ਼ ਨਾਲ ਸਬੰਧਤ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਕਾਨੂੰਨ ਮਾਮਲੇ ਵਿੱਚ ਉਨ੍ਹਾਂ ਨੂੰ ਜ਼ਮਾਨਤ

ਦੇਣ ਤੋਂ ਇਨਕਾਰ ਕਰਨ ਦੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ।

ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਉਹ ਤਾਮਿਲਨਾਡੂ ਦੇ ਮਦੁਰਾਈ ਜ਼ਿਲ੍ਹੇ ਵਿੱਚ ਦੀਪਾਥੂਨ 'ਤੇ ਰਵਾਇਤੀ ਕਾਰਥੀਗਾਈ ਦੀਪ ਨਾ ਜਗਾਉਣ ਸੰਬੰਧੀ ਦਾਇਰ ਇੱਕ ਮਾਣਹਾਨੀ ਪਟੀਸ਼ਨ 'ਤੇ ਸੁਣਵਾਈ ਕਰੇਗਾ ਅਤੇ ਰਾਜ ਸਰਕਾਰ ਦੀ ਸਥਿਤੀ ਰਿਪੋਰਟ ਦੀ ਵੀ ਜਾਂਚ ਕਰੇਗਾ। ਮਾਣਹਾਨੀ ਪਟੀਸ਼ਨ ਵਿੱਚ ਇਲਜ਼ਾਮ ਲਗਾਇਆ ਗਿਆ ਹੈ ਕਿ ਤਾਮਿਲਨਾਡੂ ਸਰਕਾਰ ਦੀਵਾ ਜਗਾਉਣ ਸੰਬੰਧੀ ਅਦਾਲਤ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਨਾਕਾਮ ਰਹੀ ਹੈ। ਪਟੀਸ਼ਨ ਵਿੱਚ ਸਰਕਾਰ ਵਿਰੁੱਧ ਕਾਰਵਾਈ ਸ਼ੁਰੂ ਕਰਨ ਦੀ ਬੇਨਤੀ ਕੀਤੀ ਗਈ ਹੈ। ਸੁਪਰੀਮ ਕੋਰਟ ਨੇ ਕੱਲ੍ਹ ਤਿਰੂਪੰਕੁੰਦਰਮ ਪਹਾੜੀ ਦੇ ਸਿਖਰ 'ਤੇ ਸਥਿਤ ਦੀਪ ਵਜੋਂ ਜਾਣੇ ਜਾਂਦੇ ਪੱਥਰ ਦੇ ਥੰਮ੍ਹ 'ਤੇ ਰਵਾਇਤੀ ਕਾਰਥੀਗਾਈ ਦੀਪਮ ਨੂੰ ਸਿਰਫ਼ ਇੱਕ ਵਾਰ ਲਈ ਜਗਾਉਣ ਦਾ ਹੁਕਮ ਦਿੱਤਾ ਸੀ।

ਭਾਰਤ ਅਤੇ ਨੇਪਾਲ ਦੀਆਂ ਫੌਜਾਂ ਵਿਚਕਾਰ ਸਾਂਝੇ ਫੌਜੀ ਅਭਿਆਸ "ਸੂਰਿਆ ਕਿਰਨ" ਦਾ 20ਵਾਂ ਐਡੀਸ਼ਨ ਅੱਜ ਨੇਪਾਲ ਦੇ ਰੂਪਨ ਦੇਹੀ ਜ਼ਿਲ੍ਹੇ ਦੇ ਸਲਝਾਂਡੀ 'ਚ ਨੇਪਾਲ ਆਰਮੀ ਸਕੂਲ ਆਫ਼ ਮਾਰਸ਼ਲ ਆਰਟਸ ਵਿਖੇ ਸ਼ੁਰੂ ਹੋਇਆ। ਇਸਦਾ ਉਦਘਾਟਨ ਨੇਪਾਲੀ ਫੌਜ ਦੇ ਕੇਂਦਰੀ-ਪੱਛਮੀ ਡਿਵੀਜ਼ਨ ਦੇ ਕਮਾਂਡਰ ਮੇਜਰ ਜਨਰਲ ਪੂਰਣ ਬਹਾਦਰ ਖੱਤਰੀ ਨੇ ਕੀਤਾ। ਇਹ ਅਭਿਆਸ 8 ਦਸੰਬਰ ਤੱਕ ਜਾਰੀ ਰਹੇਗਾ। ਇਸ

'ਚ ਦੋਹਾਂ ਫੌਜਾਂ ਦੇ ਬਟਾਲੀਅਨ-ਪੱਧਰ ਦੇ ਜਵਾਨ ਹਿੱਸਾ ਲੈ ਰਹੇ ਨੇ । ਇਹ ਅਭਿਆਸ ਮੁੱਖ ਤੌਰ 'ਤੇ ਆਫ਼ਤ ਪ੍ਰਬੰਧਨ, ਜੰਗਲਾਂ 'ਚ ਯੁੱਧ ਅਤੇ ਮਾਨਵਵਾਦੀ ਸਹਾਇਤਾ 'ਤੇ ਕੇਂਦ੍ਰਿਤ ਹੋਵੇਗਾ। ਅਭਿਆਸ ਦੌਰਾਨ, ਦੋਵਾਂ ਫੌਜਾਂ ਦੇ ਜਵਾਨ ਸਿਧਾਂਤਕ ਅਤੇ ਵਿਹਾਰਕ ਗਿਆਨ ਦੇ ਨਾਲ-ਨਾਲ ਸੰਚਾਲਨ ਅਨੁਭਵ ਸਾਂਝੇ ਕਰਨਗੇ। 2011 ਵਿੱਚ ਸ਼ੁਰੂ ਹੋਇਆ ਸੂਰਿਆ ਕਿਰਨ ਫੌਜੀ ਅਭਿਆਸ ਹਰ ਸਾਲ ਭਾਰਤ ਅਤੇ ਨੇਪਾਲ ਵਿਚਕਾਰ ਵਾਰੀ-ਵਾਰੀ ਕੀਤਾ ਜਾਂਦਾ ਹੈ।

ਪਿਛਲੇ ਮਹੀਨੇ, ਕੇਂਦਰੀ ਦਵਾਈ ਪ੍ਰਯੋਗਸ਼ਾਲਾਵਾਂ ਨੇ 37 ਦਵਾਈਆਂ ਦੇ ਨਮੂਨੇ ਤੈਅ ਮਾਪਦੰਡਾਂ ਤੋਂ ਘਟੀਆ ਪਾਏ ਨੇ | ਰਾਜ ਡਰੱਗ ਟੈਸਟਿੰਗ ਪ੍ਰਯੋਗਸ਼ਾਲਾਵਾਂ ਨੇ ਵੀ 287 ਦਵਾਈਆਂ ਦੇ ਨਮੂਨੇ ਘਟੀਆ ਪਾਏ। ਨਿਯਮਤ ਨਿਗਰਾਨੀ ਦੇ ਹਿੱਸੇ ਵਜੋਂ, ਕੇਂਦਰੀ ਡਰੱਗਜ਼ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ ਹਰ ਮਹੀਨੇ ਆਪਣੀ ਵੈੱਬਸਾਈਟ 'ਤੇ ਘਟੀਆ ਅਤੇ ਨਕਲੀ ਦਵਾਈਆਂ ਦੀ ਸੂਚੀ ਜਾਰੀ ਕਰਦੀ ਹੈ। ਇਹ ਜਾਂਚ ਸਰਕਾਰੀ ਪ੍ਰਯੋਗਸ਼ਾਲਾਵਾਂ ਵਿੱਚ ਟੈਸਟ ਕੀਤੀਆਂ ਗਈਆਂ ਦਵਾਈਆਂ ਦੇ ਵਿਸ਼ੇਸ਼ BATCH 'ਤੇ ਲਾਗੂ ਹੁੰਦੀ ਹੈ। ਇਸ ਲਈ, ਬਾਜ਼ਾਰ ਵਿੱਚ ਉਪਲਬਧ ਹੋਰ ਦਵਾਈਆਂ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ।

ਅੱਜ ਔਰਤਾਂ ਖਿਲਾਫ਼ ਹਿੰਸਾ ਦੇ ਖਾਤਮੇ ਲਈ, ਅੰਤਰਰਾਸ਼ਟਰੀ ਦਿਵਸ ਮਨਾਇਆ ਜਾ ਰਿਹਾ ਏ। ਇਹ ਦਿਨ ਹਰ ਸਾਲ 25 ਨਵੰਬਰ ਨੂੰ ਮਨਾਇਆ ਜਾਂਦਾ ਏ, ਜਿਸਦਾ ਉਦੇਸ਼ ਔਰਤਾਂ ਅਤੇ ਕੁੜੀਆਂ ਵਿਰੁੱਧ

ਹਿੰਸਾ ਬਾਰੇ, ਜਾਗਰੂਕਤਾ ਪੈਦਾ ਕਰਨਾ ਅਤੇ ਦੁਰਵਿਵਹਾਰ ਤੇ ਵਿਤਕਰੇ ਨੂੰ ਖਤਮ ਕਰਨਾ ਏ।

57ਵੇਂ ਭਾਰਤੀ ਅੰਤਰਰਾਸ਼ਟਰੀ ਫਿਲਮ ਸਮਾਰੋਹ IFFI 'ਚ ਸਿਨੇਮਾ ਪ੍ਰੇਮੀ ਫਿਲਮਾਂ ਦਾ ਆਨੰਦ ਲੈਣ ਲਈ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਨੇ । ਰਾਸ਼ਟਰੀ ਫਿਲਮ ਵਿਕਾਸ ਨਿਗਮ ਨੇ ਦਿਵਿਆਂਗਾਂ ਅਤੇ ਚਲਣ ਫਿਰਨ 'ਚ ਮੁਸ਼ਕਲਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਲਈ ਫੈਸਟੀਵਲ ਨੂੰ ਵਧੇਰੇ ਪਹੁੰਚਯੋਗ ਅਤੇ ਸਮਾਵੇਸ਼ੀ ਬਣਾਉਣ ਲਈ ਸਵੈਮ ਸੰਗਠਨ ਨਾਲ ਭਾਈਵਾਲੀ ਕੀਤੀ ਹੈ। ਇਸ ਸਾਲ ਦੇ ਸਮਾਰੋਹ ਦੀ ਇੱਕ ਮੁੱਖ ਵਿਸ਼ੇਸ਼ਤਾ ਸਿਨੇਮਾ ਨੂੰ ਸਾਰਿਆਂ ਲਈ ਪਹੁੰਚਯੋਗ ਬਣਾਉਣਾ ਹੈ। ਆਕਾਸ਼ਵਾਣੀ ਨਿਊਜ਼ ਨਾਲ ਗੱਲਬਾਤ ਕਰਦਿਆਂ ਹੋਏ, ਸਵੇਂਯ ਦੇ ਮੁਖੀ ਭੂਪੇਂਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਸੰਗਠਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪਹੁੰਚਯੋਗ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਕੰਮ ਕਰ ਰਿਹਾ ਹੈ।

ਭਾਰਤ ਨੇ ਸਾਊਦੀ ਅਰਬ ਦੀ ਰਾਜਧਾਨੀ ਰਿਆਦ ਦੇ ਮਾਲੀ ਜ਼ਿਲ੍ਹੇ ਵਿੱਚ ਇੱਕ ਟਾਵਰ ਉੱਤੇ ਕੱਲ੍ਹ ਹੋਏ ਹਮਲੇ ਅਤੇ ਨਾਗਰਿਕ, ਆਰਥਿਕ ਅਤੇ ਊਰਜਾ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਨੇ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਹੈ। ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਹਮਲੇ ਆਮ ਨਾਗਰਿਕਾਂ ਦੇ ਜੀਵਨ ਲਈ ਗੰਭੀਰ ਖ਼ਤਰਾ ਹਨ ਅਤੇ ਸਾਊਦੀ ਅਰਬ ਦੀ ਪ੍ਰਭੂਸੱਤਾ ਦੀ ਉਲੰਘਣਾ

ਕਰਦੇ ਨੇ। ਮੰਤਰਾਲੇ ਨੇ ਕਿਹਾ ਕਿ ਰਿਆਦ ਦੇ ਮਾਲੀ ਜ਼ਿਲ੍ਹੇ ਵਿੱਚ ਹੋਏ ਹਮਲੇ ਵਿੱਚ ਦੋ ਭਾਰਤੀ ਵੀ ਜ਼ਖ਼ਮੀ ਹੋਏ ਨੇ। ਰਿਆਦ ਸਥਿਤ ਭਾਰਤੀ ਦੂਤਘਰ ਨੇ ਕਿਹਾ ਹੈ ਕਿ ਜ਼ਖਮੀ ਭਾਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਭਾਰਤ ਨੇ ਅਜਿਹੇ ਹਮਲਿਆਂ ਨੂੰ ਤੁਰੰਤ ਬੰਦ ਕਰਨ ਦੀ ਅਪੀਲ ਕੀਤੀ ਹੈ।

ਭੋਪਾਲ ਵਿੱਚ ਖੇਡੀ ਜਾ ਰਹੀ 'ਮਹਿਲਾ ਏਸ਼ੀਅਨ ਚੈਂਪੀਅਨਜ਼ ਟਰਾਫੀ' ਦੇ ਆਖਰੀ ਲੀਗ ਮੈਚ ਵਿੱਚ ਅੱਜ ਭਾਰਤ ਦਾ ਮੁਕਾਬਲਾ ਜਾਪਾਨ ਨਾਲ ਹੋਏਗਾ | ਇਹ ਮੈਚ ਸ਼ਾਮੀ 7 ਵਜੇ ਸ਼ੁਰੂ ਹੋਏਗਾ | ਬੀਤੀ ਰਾਤ ਭਾਰਤੀ ਟੀਮ ਨੇ ਚੀਨ ਨੂੰ 6-2 ਨਾਲ ਹਰਾਇਆ | ਭਾਰਤ ਲਈ ਦੀਪਿਕਾ ਨੇ ਸ਼ਾਨਦਾਰ ਹੈਟ੍ਰਿਕ ਲਗਾਈ, ਜਦਕਿ ਲਾਲਰੇਮਸਿਆਮੀ, ਨੇਹਾ ਅਤੇ ਸਾਕਸ਼ੀ ਰਾਣਾ ਨੇ ਇੱਕ-ਇੱਕ ਗੋਲ ਕੀਤਾ | ਭਾਰਤ ਸੈਮੀਫਾਈਨਲ 'ਚ ਆਪਣੀ ਜਗ੍ਹਾ ਪਹਿਲਾਂ ਹੀ ਪੱਕੀ ਕਰ ਚੁੱਕਾ ਏ |

ਜਲੰਧਰ 'ਚ OLYMPIAN ਸੁਰਜੀਤ ਹਾਕੀ ਸਟੇਡੀਅਮ 'ਚ ਚੱਲ ਰਹੇ 43ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ 'ਚ ਅੱਜ ਦੇ ਮੈਚਾਂ 'ਚ BSF, ਜਲੰਧਰ ਦਾ RCF, ਕਪੂਰਥਲਾ ਨਾਲ ਦੁਪਹਿਰ ਬਾਅਦ ਸਵਾ 2 ਵਜੇ, ਆਰਮੀ ਇਲੈਵਨ, ਦਿੱਲੀ ਦਾ ਭਾਰਤ ਪੈਟਰੋਲੀਅਮ ਨਾਲ ਦੁਪਹਿਰ ਬਾਅਦ 3 ਵਜ ਕੇ 45 ਮਿੰਟ 'ਤੇ ਅਤੇ ਪੰਜਾਬ ਪੁਲਿਸ ਦਾ INDIAN NAVY ਨਾਲ ਸ਼ਾਮ ਸਾਢੇ 5 ਵਜੇ ਮੁਕਾਬਲਾ ਹੋਏਗਾ.

- ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਿਹਾ ਏ ਕਿ ਸਿਹਤ ਸੰਭਾਲ ਅਤੇ ਸਿੱਖਿਆ 2047 ਤੱਕ ਵਿਕਸਤ ਭਾਰਤ ਦੀ ਪ੍ਰਾਪਤੀ ਦੇ 2 ਮਹੱਤਵਪੂਰਨ ਥੰਮ੍ਹ ਹੋਣੇ ਚਾਹੀਦੇ ਨੇ |

- ਸੁਪਰੀਮ ਕੋਰਟ ਨੇ 2020 ਦੇ ਉੱਤਰ-ਪੂਰਬੀ ਦਿੱਲੀ ਦੰਗਿਆਂ ਦੀ ਸਾਜ਼ਿਸ਼ ਸਬੰਧੀ ਮਾਮਲੇ ਵਿੱਚ ਸ਼ਰਜੀਲ ਇਮਾਮ ਅਤੇ ਉਮਰ ਖਾਲਿਦ ਨੂੰ ਅੰਤਰਿਮ ਜ਼ਮਾਨਤ ਦੇਣ ਤੋਂ ਇਨਕਾਰ ਕੀਤੈ |

- ਭਾਰਤ ਅਤੇ ਨੇਪਾਲ ਦੀਆਂ ਫੌਜਾਂ ਵਿਚਕਾਰ ਸਾਂਝੇ ਫੌਜੀ ਅਭਿਆਸ "ਸੂਰਿਆ ਕਿਰਨ" ਦਾ 20ਵਾਂ ਐਡੀਸ਼ਨ ਅੱਜ ਨੇਪਾਲ 'ਚ ਸਾਲਝੰਡੀ ਵਿਖੇ ਸ਼ੁਰੂ ਹੋ ਗਿਐ |

- ਕੇਂਦਰੀ ਤੇ ਸੂਬਾਈ ਦਵਾਈ ਪ੍ਰਯੋਗਸ਼ਾਲਾਵਾਂ ਦੀ ਪਰਖ ਵਿੱਚ ਕਈ ਦਵਾਈਆਂ ਦੇ ਨਮੂਨੇ ਤੈਅ ਮਾਪਦੰਡਾਂ ਤੋਂ ਘਟੀਆ ਪਾਏ ਗਏ ਨੇ |

- ਭੋਪਾਲ ਵਿੱਚ ਖੇਡੀ ਜਾ ਰਹੀ 'ਮਹਿਲਾ ਏਸ਼ੀਅਨ ਚੈਂਪੀਅਨਜ਼ ਟਰਾਫੀ' ਦੇ ਆਖਰੀ ਲੀਗ ਮੈਚ ਵਿੱਚ ਅੱਜ ਭਾਰਤ ਦਾ ਮੁਕਾਬਲਾ ਜਾਪਾਨ ਨਾਲ ਹੋਏਗਾ |

ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਸ਼ਾਮ 6 ਵਜ ਕੇ 20 ਮਿੰਟ 'ਤੇ ਹੋਏਗਾ. ਨਮਸਕਾਰ!